بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَ عَلٰی عَبۡدِہِ الۡمَسِیۡحِ الۡمَوۡعُوۡد
لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ
دفتر مجلس انصار اللہ بھارت
Office Of The Majlis Ansarullah Bharat
Mohallah Ahmadiyya Qadian-143516, Distt.Gurdaspur (Punjab) INDIA

Mob:9682536974, E-Mail.: ansarullah@qadian.in    ਮੁਹੱਲਾ ਅਹਮਦੀਆ ਕਾਦੀਆਂ ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

- **ਜੰਗੇ ਓਹਦ ਲਈ ਨਿਕਲਣ ਸਮੇਂ ਪੈਸ਼ ਆਉਣ ਵਾਲੇ ਕਿਸੱਿਆਂ ਦਾ ਜ਼ਿਕਰ**
- **ਫ਼ਲਸਤੀਨ ਦੇ ਮਾਸੂਮਾਂ ਲਈ ਖ਼ਾਸ ਦੁਆਵਾਂ ਦੀ ਤਹਰੀਕ**

**ਸੰਖੇਪ ਵਿਵਰਨ ਖ਼ੁਤਬਾ ਜੁਮ੍ਹਾ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖਲੀਫਾਤੁਲੱ ਮਸੀਹ ਅਲ-ਖਾਮਿਸ**
**ਅੱਯਾਦਹੁੱਲ੍ਹਾ ਤਆਲਾ ਬਿਨਸਰਹਿਲ ਅਜ਼ੀਜ਼, 08 ਦਸੰਬਰ 2023 ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ**

أَشْهَدُ أَنْ لَّا إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ۔ بِسْمِ اللّٰهِ الرَّحْمٰنِ الرَّحِيْمِ۔ اَلْحَمْدُ لِلّٰهِ رَبِّ الْعٰلَمِيْنَ۔ الرَّحْمٰنِ الرَّحِيْمِ۔ مٰلِكِ يَوْمِ الدِّيْنِ۔ إِيَّاكَ نَعْبُدُ وَإِيَّاكَ نَسْتَعِيْنُ۔ اِهْدِنَا الصِّرَاطَ الْمُسْتَقِيْمَ۔ صِرَاطَ الَّذِيْنَ أَنْعَمْتَ عَلَيْهِمْ۔ غَيْرِ الْمَغْضُوْبِ عَلَيْهِمْ وَلَا الضَّآلِّيْنَ

ਤਸ਼ਹੁਦੱ, ਤਾਉਜ਼ ਅਤੇ ਸੂਰਤੁਲੱ ਫ਼ਾਤਿਹਾ ਦੀ ਤਿਲਾਵਤ ਮਗਰੋਂ ਹਜ਼ੂਰੇ ਅਨਵਰ ਨੇ ਫ਼ਰਮਾਇਆ :

ਪਿਛੱਲੇ ਖ਼ੁਤਬੇ ਵਿਚੱ ਜੰਗੇ ਓਹਦ ਸੰਬੰਧੀ ਜ਼ਿਕਰ ਹੋ ਰਿਹਾ ਸੀ। ਇਸ ਬਾਰੇ ਹਜ਼ਰਤ ਮੁਸਲੈਹ ਮੌਊਦ ਰਜ਼ੀ ਅੱਲਾਹ ਅੰਨਹੁ ਨੇ ਜੋ ਫ਼ਰਮਾਇਆ ਹੈ। ਉਹ ਸੰਖੇਪ ਵਿਚੱ ਬਿਆਨ ਕਰਾਂਗਾ। ਆਪ ਰਜ਼ੀ ਅੱਲਾਹ ਅੰਨਹੁ ਫ਼ਰਮਾਉਂਦੇ ਹਨ ਕਿ ਕੁੱਫ਼ਾਰ ਦੇ ਲਸ਼ਕਰ ਨੇ ਬਦਰ ਦੀ ਜੰਗ ਦੇ ਬਾਦ ਬਦਰ ਦੇ ਮੈਦਾਨ ਵਿੱਚੋਂ ਦੌੜ੍ਹਦੇ ਹੋਏ ਇਹ ਐਲਾਨ ਕੀਤਾ ਸੀ ਕਿ ਅਗੱਲੇ ਸਾਲ ਅਸੀਂ ਮੁੜ੍ਹ ਮਦੀਨੇ ਉੱਤੇ ਹਮਲਾ ਕਰਾਂਗੇ ਅਤੇ ਆਪਣੀ ਹਾਰ ਦਾ ਮੁਸਲਮਾਨਾਂ ਤੋਂ ਬਦਲਾ ਲਿਆਂਗੇ। ਸੋ, ਇਕੱ ਸਾਲ ਬਾਦ ਉਹਨਾਂ ਨੇ ਫ਼ਿਰ ਪੂਰੀ ਤਿਆਰੀ ਕਰਕੇ ਮਦੀਨਾ ਉੱਤੇ ਹਮਲਾ ਕੀਤਾ ਮੱਕਾ ਵਾਲਿਆਂ ਦੇ ਗੁੱਸੇ ਦਾ ਇਹ ਹਾਲ ਸੀ ਕਿ ਬਦਰ ਦੀ ਜੰਗ ਦੇ ਬਾਦ ਉਹਨਾਂ ਨੇ ਇਹ ਐਲਾਨ ਕਰ ਦਿੱਤਾ ਕਿ ਕਿਸੇ ਵਿਅਕਤੀ ਨੂੰ ਆਪਣੇ ਮੁਰਦੀਆਂ ਉੱਤੇ ਰੋਣ ਦੀ ਆਗਿਆ ਨਹੀਂ ਅਤੇ ਜੋ ਵਿਉਪਾਰੀ ਕਾਫ਼ਲੇ ਆਉਣਗੇ ਉਹਨਾਂ ਦੀ ਕਮਾਈ ਅਗੱਲੀ ਜੰਗ ਲਈ ਸੁਰਖਿੱਅਤ ਰੱਖੀ ਜਾਵੇਗੀ। ਸੋ, ਵੱਡੀ ਤਿਆਰੀ ਮਗਰੋਂ ਤਿੰਨ ਹਜ਼ਾਰ ਸਿਪਾਹੀਆਂ ਦੇ ਇਕੱ ਵੱਡੇ ਲਸ਼ਕਰ ਨੇ ਅਬੂ ਸੁਫ਼ਯਾਨ ਦੀ ਅਗਵਾਈ ਵਿਚੱ ਮਦੀਨਾ ਉੱਤੇ ਹਮਲਾ ਕਰ ਦਿੱਤਾ।

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਆਪਣੇ ਸਾਥੀਆਂ ਨਾਲ ਸਲਾਹ ਕੀਤੀ ਕਿ ਸਾਨੂੰ ਸ਼ਹਿਰ ਵਿਚੱ ਠਹਿਰ ਕੇ ਮੁਕਾਬਲਾ ਕਰਨਾ ਚਾਹੀਦਾ ਹੈ ਜਾਂ ਬਾਹਰ ਨਿਕਲ ਕੇ। ਆਪ ਸਲੱਲਾਹੁ ਅਲੈਹਿ ਵਸਲੱਮ ਦਾ ਆਪਣਾ ਖ਼ਿਆਲ ਇਹੀ ਸੀ ਕਿ ਦੁਸ਼ਮਨ ਨੂੰ ਹਮਲਾ ਕਰਨ ਦਿੱਤਾ ਜਾਵੇ ਤਾਂ ਕਿ ਜੰਗ ਦੇ ਆਰੰਭ ਦੇ ਵੀ ਉਹੀ ਜ਼ਿੰਮੇਦਾਰ ਹੋਣ ਅਤੇ ਮੁਸਲਮਾਨ ਆਪਣੇ ਘਰਾਂ ਵਿਚੱ ਬਹਿ ਕੇ ਉਸ ਦਾ ਮੁਕਾਬਲਾ ਕਰ ਸਕਣ। ਪਰ ਉਹ ਨੌਜਵਾਨ ਜੋ ਬਦਰ ਦੀ ਜੰਗ ਵਿਚੱ ਸ਼ਾਮਿਲ ਨ ਹੋ ਸਕੇ ਅਤੇ ਜਿੰਨਾਂ ਦੇ ਦਿਲਾਂ ਵਿਚੱ ਰਬੱ ਦੀ ਰਾਹ ਵਿਚੱ ਸ਼ਹਾਦਤ ਦੀ ਪ੍ਰਬਲ ਇੱਛਾ ਸੀ। ਉਹਨਾਂ ਨੇ ਇਹੀ ਇੱਛਾ ਪ੍ਰਕਟ ਕੀਤੀ ਕਿ ਬਾਹਰ ਨਿਕਲ ਕੇ ਮੁਕਾਬਲਾ ਕਰਨ ਇਸ ਮੌਕੇ ਉੱਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਆਪਣਾ ਇਕੱ ਸੁਪਨਾ ਵੀ ਬਿਆਨ ਕੀਤਾ। ਜਿਸ ਦੇ ਅਨੁਸਾਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਕੁਝੱ ਗਾਵਾਂ ਵੇਖਿਆਂ, ਜੋ ਕਿ ਕੁਰਬਾਨ ਕੀਤੀਆਂ ਜਾ ਰਹੀਆਂ ਸਨ । ਵੇਖਿਆ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਦੀ ਤਲਵਾਰ ਦਾ ਸਿਰ ਟੁਟੱ ਗਿਆ ਹੈ। ਫ਼ਿਰ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਇਹ ਨਜ਼ਾਰਾ ਵੇਖਿਆ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਆਪਣਾ ਹਥੱ

ਇਕੱ ਸੁਰਖਿੱਅਤ ਅਤੇ ਮਜ਼ਬੂਤ ਜ਼ਿਰਹ ਦੇ ਅੰਦਰ ਪਾਇਆ ਹੈ ਅਤੇ ਇਹ ਵੀ ਵੇਖਿਆ ਕਿ ਆਪ ਸਲੱਲਾਹੁ ਅਲੈਹਿ ਵਸਲੱਮ ਇਕੱ ਭੇਡੂ ਦੀ ਪਿਠੱ ਉੱਤੇ ਸਵਾਰ ਹਨ । ਸਹਾਬੀਆਂ ਦੇ ਪੁਛੱਣ ਉੱਤੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਉਸ ਦੀ ਵਿਆਖਿਆ ਕਰਦੇ ਹੋਏ ਫ਼ਰਮਾਇਆ ਕਿ ਗਾਂ ਦੇ ਕੁਰਬਾਨ ਹੋਣ ਦਾ ਅਰਥ ਤਾਂ ਇਹ ਹੈ ਕਿ ਮੇਰੇ ਕੁਝੱ ਸਾਥੀ ਇਸ ਜੰਗ ਵਿਚੱ ਸ਼ਹੀਦ ਹੋਣਗੇ । ਤਲਵਾਰ ਦਾ ਸਿਰ ਟੁਟੱ ਦੀ ਵਿਆਖਿਆ ਇਹ ਹੈ ਕਿ ਮੇਰੇ ਰਿਸ਼ਤੇਦਾਰਾਂ ਵਿਚੋਂ ਕੋਈ ਮਹਤਵੱਪੂਰਨ ਹਸਤੀ ਸ਼ਹੀਦ ਹੋਵੇਗੀ ਜਾਂ ਇਸ ਮੁਹਿਮ ਵਿਚੱ ਮੈਨੂੰ ਹੀ ਕੋਈ ਦੁਖੱ ਪਹੁੰਚ ਸਕਦਾ ਹੈ । ਜ਼ਿਰਹ ਵਿਚੱ ਹਥੱ ਪਾਉਣ ਦਾ ਅਰਥ ਇਹ ਹੈ ਕਿ ਸਾਡਾ ਮਦੀਨੇ ਵਿਚੱ ਰੁਕਣਾ ਮੁਨਾਸਿਬ ਹੈ । ਭੇਡੂ ਉੱਤੇ ਸਵਾਰ ਹੋਣ ਦਾ ਅਰਥ ਇਹ ਸਮਝ ਲਗੱਦਾ ਹੈ ਕਿ ਕੁੱਫ਼ਾਰ ਦੇ ਲਸ਼ਕਰ ਦੇ ਸਰਦਾਰ ਉੱਤੇ ਅਸੀਂ ਗਾਲਿਬ ਆਉਣਗੇ ਜਿਵੇਂ ਕਿ ਇਸ ਸੁਪਨੇ ਵਿਚੱ ਮੁਸਲਮਾਨਾਂ ਉੱਤੇ ਪ੍ਰਕਟ ਕਰ ਦਿੱਤਾ ਗਿਆ ਸੀ ਕਿ ਉਹਨਾਂ ਦਾ ਮਦੀਨਾ ਵਿਚੱ ਰਹਿਣਾ ਠੀਕ ਹੈ । ਪਰ ਕਿਉਂਕਿ ਸੁਪਨੇ ਦਾ ਅਰਥ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦਾ ਆਪਣਾ ਸੀ । ਆਕਾਸ਼ਬਾਣੀ ਰਾਹੀਂ ਨਹੀਂ ਸੀ । ਆਪ ਨੇ ਲੋਕਾਂ ਦੀ ਸਲਾਹ ਨੂੰ ਮੰਨ ਲਿਆ ਅਤੇ ਲੜ੍ਹਾਈ ਲਈ ਬਾਹਰ ਜਾਣ ਦਾ ਫ਼ੈਸਲਾ ਕੀਤਾ ।

ਜਦੱ ਬਾਹਰ ਨਿਕਲ ਕੇ ਜੰਗ ਕਰਨ ਦਾ ਫ਼ੈਸਲਾ ਹੋ ਗਿਆ ਤਾਂ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਸਹਾਬੀਆਂ ਨੂੰ ਤਿਆਰੀ ਦਾ ਆਦੇਸ਼ ਦਿੱਤਾ ਅਤੇ ਆਪ ਸਲੱਲਾਹੁ ਅਲੈਹਿ ਵਸਲੱਮ ਆਪ ਵੀ ਜੰਗ ਦੀ ਤਿਆਰੀ ਕਰਨ ਲਗੱ ਗਏ ਉਸ ਸਮੇਂ ਹਜ਼ਰਤ ਸਾਅਦ ਬਿਨ ਮੁਆਜ਼ ਰਜ਼ੀ ਅੱਲਾਹ ਅੰਨਹੁ ਅਤੇ ਹਜ਼ਰਤ ਉਸੈਦ ਬਿਨ ਹੁਜ਼ੈਰ ਨੇ ਲੋਕਾਂ ਨੂੰ ਕਿਹਾ ਕਿ ਤੁਸੀਂ ਬਾਹਰ ਨਿਕਲ ਕੇ ਲੜ੍ਹਣ ਲਈ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੂੰ ਮਜਬੂਰ ਕਰ ਦਿੱਤਾ ਹੈ । ਇਸ ਲਈ ਹੁਣ ਵੀ ਇਸ ਫ਼ੈਸਲੇ ਨੂੰ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਉੱਤੇ ਛਡੱ ਦਿਓ । ਆਪ ਸਲੱਲਾਹੁ ਅਲੈਹਿ ਵਸਲੱਮ ਜੋ ਵੀ ਫ਼ੈਸਲਾ ਫ਼ਰਮਾਉਣ । ਉਸ ਵਿਚੱ ਹੀ ਸਾਡੀ ਭਲਾਈ ਹੋਵੇਗੀ । ਜਦੱ ਆਪ ਸਲੱਲਾਹੁ ਅਲੈਹਿ ਵਸਲੱਮ ਬਾਹਰ ਆਏ ਤਾਂ ਆਪ ਨੇ ਜੰਗੀ ਵਸਤਰ ਪਾਏ ਹੋਏ ਸਨ । ਲੋਕਾਂ ਨੇ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦੀ ਸੇਵਾ ਵਿਚੱ ਆਪਣਾ ਮੁੱਦਾ ਰਖਿੱਆ ਤਾਂ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਨਬੀ ਲਈ ਇਹ ਜਾਇਜ਼ ਨਹੀਂ ਕਿ ਹਥਿਆਰ ਲਾਉਣ ਦੇ ਬਾਦ ਉਸ ਸਮੇਂ ਤਕੱ ਉਹਨਾਂ ਨੂੰ ਉਤਾਰੇ ਜਦੱ ਤਕੱ ਰਬੱ ਉਸ ਦੇ ਅਤੇ ਉਸ ਦੇ ਦੁਸ਼ਮਨ ਵਿਚੱਕਾਰ ਫ਼ੈਸਲਾ ਨ ਕਰ ਦੇਵੇ ।

ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਸਹਾਬੀਆਂ ਨਾਲ ਤੁਰਦੇ ਹੋਏ ਤਿੰਨ ਨੇਜ਼ੇ ਮੰਗਵਾਏ ਅਤੇ ਉਹਨਾਂ ਉੱਤੇ ਤਿੰਨ ਝੰਡੇ ਬੰਨ੍ਹੇ । ਕਬੀਲਾ ਓਸ ਦਾ ਝੰਡਾ ਉਸੈਦ ਬਿਨ ਹੁਜ਼ੈਰ ਰਜ਼ੀ ਅੱਲਾਹ ਅੰਨਹੁ ਨੂੰ ਦਿੱਤਾ, ਕਬੀਲਾ ਖ਼ਜ਼ਰਜ ਦਾ ਝੰਡਾ ਅਹਬਾਬ ਬਿਨ ਮਨਜ਼ਰ ਰਜ਼ੀ ਅੱਲਾਹ ਅੰਨਹੁ ਨੂੰ ਦਿੱਤਾ ਗਿਆ । ਮੁਹਾਜਿਰਾਂ ਦਾ ਝੰਡਾ ਹਜ਼ਰਤ ਅਲੀ ਰਜ਼ੀ ਅੱਲਾਹ ਅੰਨਹੁ ਨੂੰ ਦਿੱਤਾ । ਮਦੀਨਾ ਵਿਚੱ ਬਾਕੀ ਰਹਿਣ ਵਾਲੇ ਲੋਕਾਂ ਨੂੰ ਨਮਾਜ਼ ਪੜ੍ਹਾਉਣ ਲਈ ਇਬਨੇ ਉੱਮੇ ਮਕਤੂਮ ਨੂੰ ਆਪਣਾ ਉਤੱਰ ਅਧਿਕਾਰੀ ਨਿਯੁੱਕਤ ਕੀਤਾ । ਮੁਸਲਮਾਨਾਂ ਦੇ ਲਸ਼ਕਰ ਵਿਚੱ ਦੋ ਘੋੜ੍ਹੇ ਅਤੇ ਇਕੱ ਸੌ ਜ਼ਿਰਹ ਪਾਉਣ ਵਾਲੇ ਸਨ ।

ਰਾਹ ਵਿਚੱ ਯਹੂਦੀ ਮੁਸਲਮਾਨਾਂ ਵੱਲੋਂ ਜੰਗ ਵਿਚੱ ਸ਼ਾਮਿਲ ਹੋਣ ਲਈ ਆਏ ਤਾਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨੇ ਕੁੱਫ਼ਾਰ ਦੇ ਮੁਕਾਬਲੇ ਉੱਤੇ ਯਹੂਦੀਆਂ ਦੀ ਮਦਦ ਲੈਣ ਤੋਂ ਇਨੰਕਾਰ ਕਰ ਦਿੱਤਾ । ਇੰਝ ਹੀ ਹਜ਼ੂਰ ਸਲੱਲਾਹੁ ਅਲੈਹਿ ਵਸਲੱਮ ਨੇ 15 ਸਾਲ ਤੋਂ ਘਟੱ ਉਮਰ ਦੇ ਨੌਜਵਾਨਾਂ ਨੂੰ ਜੰਗ ਵਿਚੱ ਸ਼ਾਮਿਲ ਹੋਣ ਤੋਂ

ਰੋਕ ਦਿੱਤਾ। ਇਸਲਾਮੀ ਲਸ਼ਕਰ ਜਦੋਂ ਰਾਤ ਨੂੰ ਰੁਕਾ ਤਾਂ ਹਜ਼ੂਰ ਸਲੱਲਾਹੁ ਅਲੈਹਿ ਵਸਲੱਮ ਨੇ ਮੁਹਮੱਦ ਬਿਨ ਮੁਸਲਿਮਾ ਰਜ਼ੀ ਅੱਲਾਹ ਅੰਨਹੁ ਦੀ ਅਗਵਾਈ ਵਿਚੱ 50 ਸਿਪਾਹੀਆਂ ਨੂੰ ਨਿਯੁੱਕਤ ਕੀਤਾ। ਜਿੰਨ੍ਹਾਂ ਨੇ ਰਾਤ ਭਰ ਇਸਲਾਮੀ ਲਸ਼ਕਰ ਦੇ ਦੁਆਲੇ ਪਹਿਰਾ ਦਿੱਤਾ।

ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਪਹਿਲਾਂ ਤਾਂ ਨਾਲ ਆਇਆ ਸੀ। ਪਰ ਰਾਹ ਵਿਚੱ ਪਰਤ ਗਿਆ। ਇਸ ਦੇ ਵਿਸਥਾਰ ਵਿਚੱ ਲਿਖਿੱਆ ਹੈ ਕਿ ਸਿਹਰੀ ਦੇ ਸਮੇਂ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਸ਼ੈਖੈਨ (ਇਕੱ ਥਾਂ ਦਾ ਨਾਂ) ਤੋਂ ਅੱਗੇ ਵਧੇ ਅਤੇ ਮਦੀਨਾ ਤੇ ਓਹਦ ਦੇ ਵਿਚੱਕਾਰ ਸ਼ੋਤ (ਇਕੱ ਥਾਂ ਦਾ ਨਾਂ) ਪਹੁੰਚ ਕੇ ਨਮਾਜ਼ ਦਾ ਸਮਾਂ ਹੋ ਗਿਆ ਅਤੇ ਉੱਥੇ ਆਪ ਸਲੱਲਾਹੁ ਅਲੈਹਿ ਵਸਲੱਮ ਨੇ ਫ਼ਜਰ ਦੀ ਨਮਾਜ਼ ਪੜ੍ਹੀ। ਸ਼ੋਤ, ਵਾਦੀ ਕਿਨਾਹ ਅਤੇ ਮਦੀਨਾ ਵਿਚੱਕਾਰ ਇਕੱ ਥਾਂ ਹੈ। ਇੱਥੇ ਹੀ ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਆਪਣੇ ਮੁਨਾਫ਼ਿਕ ਸਾਥੀਆਂ ਨਾਲ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਦਾ ਸਾਥ ਛਡੱ ਕੇ ਪਰਤ ਗਿਆ। ਪਰਤਦੇ ਹੋਏ ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਨੇ ਕਿਹਾ ਕਿ ਆਪ ਨੇ ਮੇਰੀ ਗਲੱ ਨਹੀਂ ਮੰਨੀ ਅਤੇ ਨੌਜਵਾਨਾਂ ਦੀ ਗਲੱ ਮੰਨੀ ਹੈ। ਅਸੀਂ ਕਿਉਂ ਆਪਣੀ ਜਾਨ ਦੇਈਏ। ਅਬਦੁੱਲਾਹ ਬਿਨ ਉਬੱਯੀ ਬਿਨ ਸਲੂਲ ਨਾਲ ਮੁਨਾਫ਼ਿਕਾਂ ਦੇ ਪਰਤ ਜਾਣ ਮਗਰੋ ਆਂਹਜ਼ਰਤ ਸਲੱਲਾਹੁ ਅਲੈਹਿ ਵਸਲੱਮ ਨਾਲ ਮੌਜੂਦ ਸਹਾਬੀਆਂ ਦੀ ਗਿਣਤੀ 700 ਰਹਿ ਗਈ।

ਹਜ਼ੂਰ ਸਲੱਲਾਹੁ ਅਲੈਹਿ ਵਸਲੱਮ ਨੇ ਸਵੇਰ ਦੀ ਨਮਾਜ਼ ਦੇ ਬਾਦ ਸਹਾਬੀਆਂ ਤੋਂ ਵਿਸਥਾਰ ਨਾਲ ਖ਼ਿਤਾਬ ਫ਼ਰਮਾਇਆ ਜਿਸ ਵਿਚੱ ਮੁਸਲਮਾਨਾਂ ਲਈ ਸੰਪੂਰਨ ਜੀਵਨ ਜਾਂਚ ਸੀ ਕਿ ਕਿਵੇਂ ਧਰਮ ਉੱਤੇ ਅਮਲ ਕਰਨਾ ਹੈ। ਇਸ ਜੰਗ ਵਿਚੱ ਕੁਰੈਸ਼ ਨਾਲ ਕਬੀਲਾ ਬਨੀ ਤਹਾਮਾ ਅਤੇ ਕਬੀਲਾ ਬਨੂ ਕਨਾਨਾ ਵੀ ਸ਼ਾਮਿਲ ਹੋਏ ਅਤੇ ਇੰਝ ਕੁੱਫ਼ਾਰ ਦੇ ਲਸ਼ਕਰ ਦੀ ਗਿਣਤੀ ਤਿੰਨ ਹਜ਼ਾਰ ਤਕੱ ਪਹੁੰਚ ਗਈ। ਕੁੱਫ਼ਾਰ ਦਾ ਸਾਰਾ ਲਸ਼ਕਰ ਹਥਿਆਰ ਬੰਦ ਸੀ।

ਹਜ਼ੂਰ ਨੇ ਫ਼ਰਮਾਇਆ ਇਸ ਜੰਗ ਬਾਰੇ ਇੰਸ਼ਾ-ਅੱਲਾਹ ਫ਼ਿਰ ਬਿਆਨ ਕਰਾਂਗਾ।

ਇਸ ਦੇ ਬਾਦ ਹਜ਼ੂਰ ਨੇ ਫ਼ਰਮਾਇਆ: ਫ਼ਲਸਤੀਨੀਆਂ ਲਈ ਮੈਂ ਦੁਆਵਾਂ ਲਈ ਕਹਿੰਦਾ ਰਹਿਣਾ ਹਾਂ। ਦੁਆਵਾਂ ਕਰਦੇ ਰਹੋ। ਪਿਛੱਲੀ ਦਿਨੀਂ ਜੰਗ ਬੰਦੀ ਖ਼ਤਮ ਹੋਣ ਦੇ ਬਾਦ ਜਿਵੇਂ ਕਿ ਖ਼ਿਆਲ ਸੀ ਉਹੀ ਹੋ ਰਿਹਾ ਹੈ ਅਤੇ ਇਸਰਾਈਲੀ ਸਰਕਾਰ ਪਹਿਲਾਂ ਨਾਲੋਂ ਵਧੱ ਸਖ਼ਤਾਈ ਨਾਲ ਗ਼ੱਜ਼ਾਹ ਦੇ ਹਰ ਇਲਾਕੇ ਉੱਤੇ ਹੁਣ ਬੰਬਾਰੀ ਅਤੇ ਹਮਲੇ ਕਰ ਰਹੀ ਹੈ। ਫ਼ਿਰ ਮਾਸੂਮ ਬੱਚੇ ਅਤੇ ਸ਼ਹਰੀ ਸ਼ਹੀਦ ਹੋ ਰਹੇ ਹਨ। ਹੁਣ ਤਾ ਇਸ ਹਰਕਤ ਦੇ ਖ਼ਿਲਾਫ਼ ਅਮਰੀਕਾ ਦੇ ਇਕੱ ਕਾਂਗਰਸ ਦੇ ਨੁਮਾਇੰਦੇ ਨੇ ਵੀ ਜੋ ਯਹੂਦੀ ਹਨ। ਇਹ ਕਿਹਾ ਹੈ ਕਿ ਹੁਣ ਬਹੁਤ ਹੋ ਗਿਆ ਹੈ। ਅਮਰੀਕਾ ਨੂੰ ਚਾਹੀਦਾ ਹੈ ਕਿ ਉਸ ਨੂੰ ਰੋਕੇ। ਅਮਰੀਕਾ ਦੇ ਸਦਰ ਵੀ ਹੁਣ ਦਬੇ ਦਬੇ ਸ਼ਬਦਾਂ ਵਿਚੱ ਬਿਆਨ ਦੇ ਰਹੇ ਹਨ ਕਿ ਇਹ ਗੋਲਾ ਬਾਰੀ ਬੰਦ ਹੋਣੀ ਚਾਹੀਦੀ ਹੈ। ਜੋ ਹਰ ਪਾਸੇ ਬਰਾਬਰ ਹੋ ਰਹੀ ਹੈ।

ਸੋ, ਇਹ ਸਦਰ ਸਾਹਿਬ ਅਮਰੀਕਾ ਦੇ ਜੋ ਸ਼ਬਦ ਹਨ। ਇਹ ਕਿਸੇ ਹਮਦਰਦੀ ਕਰਕੇ ਨਹੀਂ ਹਨ। ਕਿਸੇ ਧੋਖੇ ਵਿਚੱ ਸਾਨੂੰ ਨਹੀਂ ਰਹਿਣਾ ਚਾਹੀਦਾ। ਸਗੋਂ ਇਹ ਉਹਨਾਂ ਦੇ ਆਪਣੇ ਲਾਭ ਕਰਕੇ ਹੈ। ਇਹ ਆਪਣੇ ਵੋਟ ਲੈਣ ਲਈ ਇਹ ਸਭ ਕੁਝੱ ਕਰ ਰਹੇ ਹਨ। ਉਹਨਾਂ ਨੂੰ ਫ਼ਲਸਤੀਨੀਆਂ ਨਾਲ ਜਾਂ ਮੁਸਲਮਾਨਾਂ ਨਾਲ ਕੋਈ ਹਮਦਰਦੀ ਨਹੀਂ।

ਫ਼ਿਰ ਮੁਸਲਮਾਨ ਦੇਸ਼ ਹਨ । ਉਹਨਾਂ ਦੀ ਆਵਾਜ਼ ਵਿਚੱ ਕੁਝੱ ਜ਼ੋਰ ਤਾਂ ਪੈਦਾ ਹੋ ਰਿਹਾ ਹੈ । ਪਰ ਜਦੱ ਤਕੱ ਇਕੱ ਹੋ ਕੇ ਜੰਗ ਬੰਦੀ ਦੀ ਕੋਸ਼ਿਸ਼ ਨਹੀਂ ਕਰਨਗੇ । ਕੋਈ ਲਾਭ ਨਹੀਂ । ਰਬੱ ਮੁਸਲਮਾਨਾਂ ਵਿਚੱ ਵੀ ਏਕਤਾ ਪੈਦਾ ਕਰੇ । ਗ਼ੈਰ ਮੁਸਲਿਮ ਦੁਨੀਆਂ ਨੂੰ ਪਤਾ ਹੈ ਕਿ ਮੁਸਲਮਾਨਾਂ ਵਿਚੱ ਏਕਤਾ ਨਹੀਂ ਹੈ । ਸਗੋਂ ਮੁਸਲਮਾਨ, ਮੁਸਲਮਾਨ ਨੂੰ ਮਾਰਨ ਉੱਤੇ, ਕਤਲ ਕਰਨ ਉੱਤੇ ਲਗਿੱਆ ਹੈ । ਯਮਨ ਵਿਚੱ ਕੀ ਕੁਝੱ ਨਹੀਂ ਹੋ ਰਿਹਾ । ਇੰਝ ਹੀ ਦੂਜੇ ਦੇਸ਼ਾਂ ਵਿਚੱ ਹਜ਼ਾਰਾਂ ਬੱਚੇ ਅਤੇ ਮਾਸੂਮ ਮਰ ਰਹੇ ਹਨ । ਇਹੀ ਚੀਜ਼ ਗ਼ੈਰਾਂ ਨੂੰ ਹਿੰਮਤ ਦਿੰਦੀ ਹੈ ਕਿ ਉਹਨਾਂ ਉੱਤੇ ਜ਼ੁਲਮ ਵੀ ਕਰੋ ਤਾਂ ਕੋਈ ਫ਼ਰਕ ਨਹੀਂ ਪੈਂਦਾ । ਇਹ ਤਾਂ ਆਪ ਆਪਣੇ ਲੋਕਾਂ ਉੱਤੇ ਜ਼ੁਲਮ ਕਰਦੇ ਹਨ । ਜਦੱ ਮੁਸਲਮਾਨ ਨੂੰ ਮੁਸਲਮਾਨ ਦੀ ਜਾਨ ਦੀ ਚਿੰਤਾ ਨਹੀਂ ਤਾਂ ਦੁਸ਼ਮਨ ਫ਼ਿਰ ਕਿਉਂ ਚਿੰਤਾ ਕਰੇ । ਰਬੱ ਨੇ ਤਾਂ ਬਹੁਤ ਕਠੋਰ ਸ਼ਬਦਾਂ ਵਿਚੱ ਡਰਾਵਾ ਦਿੱਤਾ ਹੈ । ਕੁਰਆਨ ਸ਼ਰੀਫ਼ ਵਿਚੱ ਕਿ ਮੁਸਲਮਾਨ ਦਾ ਮੁਸਲਮਾਨ ਨੂੰ ਕਤਲ ਕਰਨ ਉੱਤੇ ਜੋ ਡਰਾਵਾ ਦਿੱਤਾ ਹੈ ਉਹ ਇਹੀ ਹੈ ਕਿ ਉਹ ਨਰਕੀ ਹੋਵੇਗਾ । ਰਬੱ ਕਰੇ ਕਿ ਮੁਸਲਮਾਨ ਇਕੱ ਹੋ ਕੇ ਜ਼ੁਲਮ ਨੂੰ ਖ਼ਤਮ ਕਰਨ ਦਾ ਸਾਧਨ ਬਣੇ ਨ ਕਿ ਉਸ ਵਿਚੱ ਵਧੱਣ ਦਾ ।

ਯੂ.ਐਨ.ਓ ਨੇ ਆਪਣੀ ਆਵਾਜ਼ ਵਿਚੱ ਕੁਝੱ ਤੇਜ਼ੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ । ਪਰ ਉਹਨਾਂ ਦੀ ਆਵਾਜ਼ ਨੂੰ ਕੌਣ ਸੁਣਦਾ ਹੈ । ਕਹਿ ਤਾਂ ਦਿੰਦੇ ਹਨ ਕਿ ਅਸੀਂ ਇਹ ਕਰ ਦਿਆਂਗੇ, ਉਹ ਕਰ ਦਿਆਂਗੇ । ਪਰ ਕੁਝੱ ਨਹੀਂ ਕਰ ਸਕਦੇ । ਉਹਨਾਂ ਦੀ ਗਲੱ ਮੰਨਣ ਵਾਲਾ ਹੀ ਕੋਈ ਨਹੀਂ । ਜੋ ਵੱਡੀ ਤਾਕਤਾਂ ਹਨ । ਉਹ ਆਪਣਾ ਹਕੱ ਵਰਤ ਲੈਂਦੀਆਂ ਹਨ । ਰਬੱ ਮੁਸਲਮਾਨਾਂ ਉੱਤੇ ਰਹਿਮ ਕਰੇ । ਪਹਿਲਾਂ ਵੀ ਮੈਂ ਜਮਾਅਤਾਂ ਰਾਹੀਂ ਸੰਦੇਸ਼ ਭੇਜਿਆ ਹੈ ਕਿ ਇਸ ਜ਼ੁਲਮ ਨੂੰ ਰੋਕਣ ਅਤੇ ਖ਼ਤਮ ਕਰਨ ਲਈ ਸਾਨੂੰ ਦੁਆ ਦੇ ਨਾਲ ਆਪਣੀ ਪਛਾਣ ਦੇ ਲੋਕਾਂ ਅਤੇ ਆਪਣੀ ਜਮਾਅਤ ਦੇ ਰਾਜਨੀਤਿਕ ਲੋਕਾਂ ਨੂੰ ਆਵਾਜ਼ ਚੁਕੱਣ ਲਈ ਨਿਰੰਤਰ ਧਿਆਨ ਦੇਣ ਲਈ ਕਹਿਣਾ ਪੈਣਾ । ਇੰਝ ਹੀ ਆਪਣੀ ਪਛਾਣ ਦੇ ਲੋਕਾਂ ਵਿਚੱ ਵੀ ਇਹ ਗਲੱ ਆਮ ਕਰਨ ਕਿ ਇਸ ਜ਼ੁਲਮ ਨੂੰ ਖ਼ਤਮ ਕਰਨ ਲਈ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ । ਇੰਝ ਹੀ ਆਪਣੀ ਪਛਾਣ ਦੇ ਲੋਕਾਂ ਵਿਚੱ ਵੀ ਇਹ ਗਲੱ ਆਮ ਕਰੋ ਕਿ ਇਸ ਜ਼ੁਲਮ ਨੂੰ ਖ਼ਤਮ ਕਰਨ ਲਈ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ । ਰਬੱ ਮਾਸੂਮਾਂ ਨੂੰ ਜ਼ੁਲਮ ਤੋਂ ਬਚਾਏ ਆਮੀਨ

ਅੰਤ ਵਿਚੱ ਹਜ਼ੂਰ ਨੇ ਦੋ ਸਵਰਗਵਾਸੀਆਂ (01) ਸ੍ਰੀਮਤੀ ਮਸਊਦਾ ਬੈਗ਼ਮ ਸਾਹਿਬਾ ਪਤਨੀ ਸਵਰਗਵਾਸੀ ਸ੍ਰੀਮਾਨ ਮੌਲਾਨਾ ਅਬਦੁਲੱ ਹਕੀਮ ਸਾਹਿਬ ਮੁਬਲਿਗ਼ ਸਿਲਸਿਲਾ ਹਾਲੈਂਡ ਅਤੇ (02) ਮਾਸਟਰ ਅਬਦੁਲੱ ਮਜੀਦ ਸਾਹਿਬ ਵਾਕਫ਼ੇ ਜ਼ਿੰਦਗੀ ਟੀਚਰ ਤਾਲੀਮ-ਉਲੱ-ਇਸਲਾਮ ਹਾਈ ਸਕੂਲ ਰਬਵਹ ਦਾ ਜ਼ਿਕਰ ਕਰਦੇ ਹੋਏ ਨਮਾਜ਼ ਜਨਾਜ਼ਾ ਗਾਇਬ ਪੜ੍ਹਾਉਣ ਦਾ ਐਲਾਨ ਫ਼ਰਮਾਇਆ ਅਤੇ ਬਖ਼ਸ਼ਿਸ਼ ਤੇ ਦਰਜਾਤ ਉੱਚੇ ਹੋਣ ਲਈ ਦੁਆ ਕੀਤੀ ।

اَلْحَمْدُ لِلّٰهِ! اَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ اَنْفُسِنَا وَمِنْ سَيِّئَاتِ اَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ وَنَشْهَدُ اَنْ لَّا اِلٰهَ اِلَّا اللّٰهُ وَنَشْهَدُ اَنَّ مُحَمَّدًا عَبْدُهٗ وَرَسُوْلُهٗ عِبَادَ اللّٰهِ رَحِمَكُمُ اللّٰهُ اِنَّ اللّٰهَ يَاْمُرُ بِالْعَدْلِ وَالْاِحْسَانِ وَاِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ يَعِظُكُمْ لَعَلَّكُمْ تَذَكَّرُوْنَ اُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ اَكْبَرُ۔